## ਫੈਕਟ ਸ਼ੀਟ 01

# ਕਲਰ ਆਫ਼ ਪਾਵਰਟੀ- ਕਲਰ ਆਫ਼ ਚੇਂਜ

(COLOUR OF POVERTY- COLOUR OF CHANGE)

> *ਓਨਟਾਰੀਓ ਵਿੱਚ ਰੰਗ ਦੇ ਆਧਾਰ 'ਤੇ ਵਧ ਰਿਹਾ ਵਿਤਕਰਾ ਸਿਹਤ, ਰੁਜ਼ਗਾਰ ਦੇ ਅਵਸਰਾਂ ਅਤੇ ਆਮਦਨੀ ਦੀਆਂ ਸੰਭਾਵਨਾਵਾਂ ਵਿੱਚ ਅਸਮਾਨਤਾ ਨੂੰ ਜਨਮ ਦਿੰਦਾ ਹੈ ਜੋ ਸਾਡੇ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ । ਇਸ ਵਰਤਾਰੇ ਦੀ ਜਟਿਲਤਾ ਨੂੰ ਸਮਝਣਾ ਬਹੁਤ ਮੁਸ਼ਕਿਲ ਹੈ। ਕਲਰ ਆਫ਼ ਪਾਵਰਟੀ- ਕਲਰ ਆਫ਼ ਚੇਂਜ ਦਾ ਵਿਸ਼ਵਾਸ ਹੈ ਕਿ ਇਕ ਦੂਸਰੇ ਨੂੰ ਨਾਲ ਲੈ ਕੇ ਹੀ ਅਸੀਂ ਇਸ ਪਾੜੇ ਨੂੰ ਖਤਮ ਕਰ ਸਕਦੇ ਹਾਂ ਤਾਂ ਜੋ ਲੋੜੀਦੀਆਂ ਤਬਦੀਲੀਆਂ ਲਿਆ ਕੇ ਇਕ ਨਿਰਪੱਖ ਸਮਾਜ ਸਿਰਜਿਆ ਜਾ ਸਕੇ।*

**ਕਲਰ ਆਫ਼ ਪਾਵਰਟੀ- ਕਲਰ ਆਫ਼ ਚੇਂਜ (COLOUR OF POVERTY- COLOUR OF CHANGE, COP-COC)** ਇੱਕ ਅਜਿਹੀ ਮੁਹਿੰਮ ਹੈ ਜੋ ਵੱਧ ਰਹੇ ਨਸਲੀ ਭੇਦ-ਭਾਵ ਦੇ ਨਤੀਜੇ ਵਜੋਂ ਸਮਾਜਿਕ ਪੱਧਰ 'ਤੇ ਵੱਧ ਰਹੀ ਬੇਇਨਸਾਫੀ 'ਤੇ ਨਜ਼ਰ ਮਾਰਨ ਲਈ ਕੰਮ ਕਰ ਰਹੇ ਵਿਅਕਤੀਆਂ ਅਤੇ ਸੰਸਥਾਵਾਂ ਦੁਆਰਾ ਬਣਾਈ ਗਈ ਹੈ ਤਾਂ ਜੋ ਇਕਮੁੱਠ ਹੋ ਕੇ ਨਸਲਵਾਦ (Racism) ਵਰਗੀ ਗੰਭੀਰ ਅਲਾਮਤ ਨਾਲ ਲੜਿਆ ਜਾ ਸਕੇ। ਸੀਓਪੀ-ਸੀਓਸੀ ਠੋਸ ਰਣਨੀਤੀਆਂ ਬਣਾਉਣ, ਸਾਧਨ ਵਿਕਸਿਤ ਕਰਨ ਅਤੇ ਕਮਿਊਨਿਟੀ ਆਧਾਰਿਤ ਸਮਰੱਥਾ ਬਣਾਉਣ ਦਾ ਕੰਮ ਕਰਦੀ ਹੈ ਜਿਸ ਵਿੱਚ ਕਿਸੇ ਵਿਅਕਤੀ ਵਿਸ਼ੇਸ਼, ਸਮੂਹਾਂ ਅਤੇ ਸੰਗਠਨਾਂ ਨੇ ਓਨਟਾਰੀਓ ਅਤੇ ਕਨੇਡਾ ਵਿੱਚ ਵਧ ਰਹੀਆਂ ਨਸਲੀ ਅਸਮਾਨਤਾਵਾਂ ਨੂੰ ਦੂਰ ਕਰਨ ਲਈ ਮਿਲ ਕੇ ਕੰਮ ਕੀਤਾ ਹੈ।

ਕੈਨੇਡੀਅਨ ਸਮਾਜ ਵਿਚ ਨਸਲੀ ਭੇਦ-ਭਾਵ ਨੂੰ ਬਿਹਤਰੀਨ ਢੰਗ ਨਾਲ ਸੁਲਝਾਉਣ ਲਈ ਇੰਡੀਜੀਨੱਸ ਲੋਕਾਂ (Indigenous Peoples) ਨਾਲ ਪੂਰੇ ਸੰਬੰਧ ਅਤੇ ਏਕਤਾ ਲਈ ਕੀਤੇ ਜਾਣ ਦੀ ਲੋੜ ਨੂੰ ਸਮਝਦਿਆਂ, ਰੰਗਭੇਦ ਦੇ ਭਾਈਚਾਰਿਆਂ ਨਾਲ ਜੁੜੇ ਮੁੱਦਿਆਂ ਅਤੇ ਉਨ੍ਹਾਂ ਨੂੰ ਪ੍ਰਭਾਵਤ ਕਰਨ ਵਾਲੇ ਕਾਰਕਾਂ ਬਾਰੇ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਸੀਓਪੀ ਅਤੇ ਸੀਓਸੀ ਨੇ ਰਸਮੀ ਤੌਰ 'ਤੇ 2007 ਵਿਚ ਇਕੱਠੇ ਹੋ ਕੇ ਕੰਮ ਕਰਨ ਦਾ ਫੈਸਲਾ ਕੀਤਾ। ਸਤੰਬਰ, 2007 ਵਿਚ, ਓਨਟਾਰੀਓ ਵਿਚ ਵੱਧ ਰਹੇ ਨਸਲਵਾਦ ਨੂੰ ਉਜਾਗਰ ਕਰਨ ਲਈ ਇਸ ਨੈਟਵਰਕ ਨੇ ***'ਕਲਰ ਆਫ ਪਾਵਰਟੀ'*** ਮੁਹਿੰਮ *(Colour of Poverty Campaign)* ਦੀ ਸਫਲਤਾਪੂਰਵਕ ਸ਼ੁਰੂਆਤ ਕੀਤੀ । ***'ਨਸਲੀ ਗਰੀਬੀ'*** (racialized poverty) ਬਾਰੇ ਤੱਥਾਂ ਨੂੰ ਵਿਅਕਤੀਆਂ ਅਤੇ ਸੰਗਠਨਾਂ ਤੱਕ ਪਹੁੰਚਾਉਣ ਲਈ ਅਤੇ ਉਹਨਾਂ ਨੂੰ ਜਾਗਰੂਕ ਬਣਾਉਣ ਦੇ ਮੰਤਵ ਨਾਲ ਇਹ ਫੈਕਟ ਸ਼ੀਟਾਂ (fact sheets) ਬਣਾਈਆਂ ਗਈਆਂ ਹਨ।

## ਉਪਲੱਬਧੀਆਂ

ਸੀਓਪੀ-ਸੀਓਸੀ ਪਿਛਲੇ 10 ਸਾਲਾਂ ਦੀਆਂ ਉਪਲੱਬਧੀਆਂ ਅਤੇ ਸ੍ਰੋਤਾਂ ਨੂੰ ਆਧਾਰ ਬਣਾ ਸਮਾਜ ਵਿੱਚ ਏਕਤਾ ਅਤੇ ਸਮਾਨਤਾ ਲਿਆਉਣ ਲਈ ਉਪਰਾਲੇ ਸਿਰਜ ਰਿਹਾ ਹੈ ਖਾਸਕਰ ਜੋ ਟਰੁਥ ਅਤੇ ਰੀਕਨਸੀਲੀਏਸ਼ਨ ਕਮਿਸ਼ਨ (Truth & Reconciliation Commission 94 Calls to Action ) 94 ਸਿਧਾਤਾਂ ਨਾਲ ਪੂਰੀ ਤਰ੍ਹਾਂ ਅਨੁਕੂਲ ਹੋਣ।

ਸੀਓਪੀ-ਸੀਓਸੀ (COP-COC) ਨੇ ਨਸਲੀ ਵਿਤਕਰੇ (Racism) ਦੇ ਖਾਤਮੇ ਬਾਰੇ ਸੰਯੁਕਤ ਰਾਸ਼ਟਰ ਦੀ ਕਮੇਟੀ ਨਾਲ ਸਲਾਹ ਮਸ਼ਵਰਾ ਕਰਕੇ ਕੈਨੇਡੀਅਨ ਸਰਕਾਰ ਨੂੰ ਨਸਲਵਾਦ ਵਿਰੁੱਧ *ਇੱਕ ਕੈਨੇਡਾ ਐਕਸ਼ਨ ਪਲਾਨ (Canada Action Plan Against Racism, CAPAR)* ਬਣਾਉਣ ਦੀ ਸਿਫਾਰਸ਼ ਕੀਤੀ ਜਿਸ ਉੱਤੇ ਕੰਮ ਕਰਨ ਲਈ ਸਰਕਾਰ ਨੇ ਹੁਣ ਆਪਣੀ ਸਹਿਮਤੀ ਪ੍ਰਗਟਾਈ ਹੈ।

ਸੀਓਪੀ-ਸੀਓਸੀ (COP-COC) ਨੇ *ਐਂਟੀ ਰੇਸਿਜ਼ਮ ਡਾਇਰੈਕਟੋਰੇਟ (Anti-Racism Directorate)* ਲਈ ਜ਼ੋਰ ਪਾਇਆ ਅਤੇ ਜਿਸਦੇ ਨਤੀਜੇ ਵਜੋਂ ਓਨਟਾਰੀਓ ਵਿੱਚ ਨਸਲਵਾਦ ਵਿਰੋਧੀ ਕਾਨੂੰਨ ਬਣਿਆ।

ਸੀਓਪੀ-ਸੀਓਸੀ (COP-COC) ਨੇ *ਨੈਸ਼ਨਲ ਪਾਵਰਟੀ ਰੀਡਿਕਸ਼ਨ ਸਟ੍ਰੈਟਜੀ (National Poverty Reduction Strategy)* ਅਤੇ *ਰਾਸ਼ਟਰੀ ਹਾਊਸਿੰਗ ਸਟ੍ਰੈਟਜੀ (National Housing Strategy)* ਵਿਚ ਨਸਲੀਭੇਦ ਦੇ ਵਿਸ਼ਲੇਸ਼ਣ ਦੀ ਗੱਲ ਕੀਤੀ ।

ਸੀਓਪੀ-ਸੀਓਸੀ ਨੇ *ਪ੍ਰੋਵਿੰਸ਼ੀਅਲ ਇੰਪਲਾਇਮੈਂਟ ਇਕਵਿਟੀ ਕਾਨੂੰਨ (Employment Equity Legislation)* 'ਤੇ ਧਿਆਨ ਕੇਂਦ੍ਰਤ ਕਰਦਿਆਂ, *ਟੋਰਾਂਟੋ ਏਰੀਆ ਗੁੱਡ ਜਾਬਸ ਫਾਰ ਆਲ ਕੋਅਲੇਸ਼ਨ (Toronto area Good Jobs for ALL coalition)* ਅਤੇ *ਟੋਰਾਂਟੋ ਕਮਿਊਨਿਟੀ ਬੈਨੀਫਿਟਸ ਨੈਟਵਰਕ (Toronto Community Benefits Network)* ਨੂੰ ਸਥਾਪਤ (ਸਹਿਬਾਨੀ ਵਜੋਂ) ਕਰਨ ਵਿੱਚ ਸਹਾਇਤਾ ਕੀਤੀ।

ਸੀਓਪੀ-ਸੀਓਸੀ ਇੰਡੀਜੀਨਸ ਲੋਕਾਂ ਤੋਂ ਇਲਾਵਾ ਰਵਾਇਤੀ ਇਲਾਕਿਆਂ ਅਤੇ ਮਿਸੀਸਾਗਾ ਦੇ *ਨਿਊ ਕ੍ਰੈਡਿਟ, ਅਨੀਸ਼ਨਾਬੇ (Anishnawbe), ਹੁਡੇਨੋਸੌਨੀ (Haudenosaunee), ਵੈਂਦਾਤ (Wendat), ਮੈਟਿਸ (Metis), ਕ੍ਰੀ (Cree)* ਅਤੇ *ਹੂਓਨ (Huon Indigenous Peoples)* ਲੋਕਾਂ ਦੇ ਹੱਕਾਂ ਲਈ ਕੰਮ ਕਰ ਰਿਹਾ ਹੈ।

# ਫੈਕਟ ਸ਼ੀਟਸ: ਸੰਖੇਪ ਜਾਣਕਾਰੀ

Fact Sheets: An Overview

- **ਫੈਕਟ ਸ਼ੀਟ #01: ਕਲਰ ਆਫ਼ ਪਾਵਰਟੀ- ਕਲਰ ਆਫ਼ ਚੇਂਜ**
- **ਫੈਕਟ ਸ਼ੀਟ #02: ਨਸਲੀ ਗਰੀਬੀ**
- **ਫੈਕਟ ਸ਼ੀਟ #03: ਸਿੱਖਿਆ ਅਤੇ ਨਸਲੀ ਗਰੀਬੀ**

ਰੰਗ ਅਤੇ ਦੇਸੀ ਵਿਦਿਆਰਥੀਆਂ ਨੂੰ ਸਕੂਲਾਂ ਵਿਚ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ । ਉਹਨਾਂ ਨੂੰ ਅਕਸਰ ਜਾਣ ਬੁਝ ਕੇ ਹੇਠਲੇ ਪੱਧਰ ਦੇ ਗੈਰ-ਅਕਾਦਮਿਕ ਪ੍ਰੋਗਰਾਮਾਂ (lower level non-academic programs) ਵਿੱਚ ਦਾਖਲ ਕੀਤਾ ਜਾਂਦਾ ਹੈ ਅਤੇ ਬਿਨ੍ਹਾਂ ਕਾਰਣ ਸਕੂਲ ਤੋਂ ਬਾਹਰ ਕੱਡਣ ਲਈ ਨਿਸ਼ਾਨਾ ਬਣਾਇਆ ਜਾਂਦਾ ਹੈ। ਅਮੀਰਾਂ ਦੇ ਮੁਕਾਬਲੇ, ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਯੂਨੀਵਰਸਿਟੀ ਜਾਣ ਲਈ ਮਿਲਣ ਵਾਲੇ ਮੌਕਿਆਂ ਦੀ ਦਰ ਅੱਧੀ ਹੈ । ਇਸ ਤੋਂ ਇਲਾਵਾ ਮੌਕਿਆਂ ਦੀ ਘਾਟ ਕਾਰਣ ਇੰਡੀਜੀਨੱਸ (Indigenous) ਅਤੇ ਕਲਰ ਕੋਡ (Colour Code) ਵਾਲੇ ਕੁਝ ਸਮੂਹਾਂ ਦੇ ਬੱਚੇ ਹਾਈ ਸਕੂਲ ਵੀ ਪੂਰਾ ਨਹੀਂ ਕਰ ਪਾਉਂਦੇ।

- **ਫੈਕਟ ਸ਼ੀਟ #04: ਸਿਹਤ ਸੰਭਾਲ, ਬਾਲ ਭਲਾਈ ਸਕੀਮਾਂ ਅਤੇ ਨਸਲੀ ਗਰੀਬੀ**

ਗਰੀਬੀ ਸਿਹਤ ਨਾਲ ਜੁੜੇ ਜੋਖਮਾਂ ਵਿਚ ਵਾਧਾ ਕਰਦੀ ਹੈ । ਰੰਗ ਦੇ ਬਹੁਤ ਸਾਰੇ ਲੋਕ ਅਤੇ ਦੇਸੀ ਲੋਕ ਗਰੀਬ ਹੋਣ ਕਰਕੇ, ਉਹਨਾਂ ਨੂੰ ਤਣਾਅ, ਅਸੁਰੱਖਿਅਤ ਕੰਮ ਕਰਨ ਦੀਆਂ ਸਥਿਤੀਆਂ, ਪ੍ਰਦੂਸ਼ਿਤ ਆਲਾ ਦੁਆਲਾ, ਅਤੇ ਕੁਪੋਸ਼ਣ ਵਰਗੀਆਂ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਕਈਆਂ ਨੂੰ ਸੱਭਿਆਚਾਰ ਅਨੁਕੂਲ (culturally appropriate) ਸਿਹਤ ਸੰਭਾਲ, ਸਮਾਜਿਕ ਸੇਵਾਵਾਂ ਅਤੇ ਹੋਰ ਲੋੜੀਂਦੀ ਸਹਾਇਤਾ ਲੈਣ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

- **ਫੈਕਟ ਸ਼ੀਟ #05: ਰੁਜ਼ਗਾਰ ਦੇ ਸਾਧਨ ਅਤੇ ਨਸਲੀ ਗਰੀਬੀ**

ਰੰਗਾਂ ਅਤੇ ਦੇਸੀ ਸਮੂਹਾਂ ਦੇ ਲੋਕ ਬਾਕੀ ਭਾਈਚਾਰਿਆਂ ਦੇ ਮੁਕਾਬਲੇ ਵਧੇਰੇ ਬੇਰੁਜ਼ਗਾਰ ਹਨ । ਉਹਨਾਂ ਦੀ ਵਧੇਰੇ ਨੁਮਾਇੰਦਗੀ ਘੱਟ ਤਨਖਾਹ ਅਤੇ ਅਸਥਿਰਤਾ ਭਰੀਆਂ (unstable) ਨੌਕਰੀਆਂ ਵਿਚ ਹੁੰਦੀ ਹੈ ਜਿਥੇ ਕਰਮਚਾਰੀਆਂ ਵਜੋਂ ਉਨ੍ਹਾਂ ਦੇ ਅਧਿਕਾਰ ਵੀ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੁੰਦੇ। ਉਹ ਪੇਸ਼ੇਵਰ ਅਹੁਦਿਆਂ (professional positions) 'ਤੇ ਘੱਟ ਨੁਮਾਇੰਦਗੀ ਕਰਦੇ ਹਨ। ਇਸ ਤੋਂ ਇਲਾਵਾ ਪ੍ਰਵਾਸੀਆਂ ਦੇ ਹੁਨਰਾਂ ਅਤੇ ਪ੍ਰਮਾਣ ਪੱਤਰਾਂ ਅਕਸਰ ਕਨੇਡਾ ਵਿੱਚ ਮਾਨਤਾ ਨਹੀਂ ਦਿੱਤੀ ਜਾਂਦੀ।

- **ਫੈਕਟ ਸ਼ੀਟ #06: ਆਮਦਨ, ਸਮਾਜਿਕ ਮਦਦ ਅਤੇ ਨਸਲੀ ਗਰੀਬੀ**

ਕਲਰ ਕੋਡ ਦੇ ਲੋਕਾਂ ਅਤੇ ਦੇਸੀ (Indigenous) ਸਮੂਹਾਂ ਵਿੱਚ ਗਰੀਬੀ ਦਾ ਪਸਾਰਾ ਤੇਜ਼ੀ ਨਾਲ ਵੱਧ ਰਿਹਾ ਹੈ । ਉਨਟਾਰੀਓ ਵਿੱਚ ਸਮਾਜਿਕ ਸਹਾਇਤਾ ਨੂੰ 1990 ਦੇ ਦਹਾਕੇ ਵਿੱਚ ਬੁਰੀ ਤਰ੍ਹਾਂ ਘਟਾ ਦਿੱਤਾ ਗਿਆ ਸੀ । ਇਸ ਤੋਂ ਇਲਾਵਾ ਘੱਟੋ ਘੱਟ ਮਿਹਨਤਾਨੇ (minimum wage) ਦੀ ਦਰ ਵੀ ਲੋਕਾਂ ਨੂੰ ਗਰੀਬੀ ਰੇਖਾ ਤੋਂ ਹੇਠਾਂ ਰੱਖਣ ਲਈ ਜ਼ਿੰਮੇਵਾਰ ਹੈ।

- **ਫੈਕਟ ਸ਼ੀਟ #07: ਪੁਲਿਸ, ਨਿਆਂ ਪ੍ਰਕਿਰਿਆ ਅਤੇ ਨਸਲੀ ਗਰੀਬੀ**

ਗ਼ਰੀਬ ਜਾਤੀਗਤ ਕਮਿਊਨਿਟੀਆਂ (poor racialized communities ) ਦੇ ਲੋਕ ਅਕਸਰ ਪੁਲਿਸ ਦੇ ਬੁਰੇ ਵਿਵਹਾਰ ਦਾ ਸ਼ਿਕਾਰ ਹੁੰਦੇ ਹਨ। ਪੁਲਿਸ ਵਲੋਂ ਬਣਾਈਆਂ ਗਲਤ ਧਾਰਣਾਵਾਂ ਕਰਕੇ ਇਹਨਾਂ ਲੋਕਾਂ ਨੂੰ ਜੇਲ੍ਹਾਂ ਵਿੱਚ ਵਧੇਰੇ ਡੱਕਿਆ ਜਾਂਦਾ ਹੈ। ਕੈਨੇਡੀਅਨ ਬਾਰਡਰ 'ਤੇ ਜਾਤੀਗਤ ਲੋਕ ਅਕਸਰ ਪੁਲਿਸ ਦਾ ਨਿਸ਼ਾਨਾ ਬਣਦੇ ਹਨ।

**ਫੈਕਟ ਸ਼ੀਟ #08: ਇਮੀਗ੍ਰੇਸ਼ਨ, ਨਿਊਕਮਰ ਸੈਟਲਮੈਂਟਸ ਅਤੇ ਨਸਲੀ ਗਰੀਬੀ**

- ਪਿਛਲੇ ਕੁਝ ਦਹਾਕਿਆਂ ਤੋਂ ਕਨੇਡਾ ਵਿੱਚ ਪ੍ਰਵਾਸ (immigration) ਦਾ ਚਿਹਰਾ ਨਾਟਕੀ ਢੰਗ ਨਾਲ ਬਦਲਿਆ ਹੈ । ਸੈਟਲਮੈਂਟ ਸੇਵਾਵਾਂ ਨੂੰ ਬੁਨਿਆਦੀ ਫੰਡਿੰਗ ਨਾ ਮਿਲਣ ਕਰਕੇ ਪਰਵਾਸੀਆਂ ਵਿੱਚ ਗਰੀਬੀ ਦੀ ਦਰ ਵਿੱਚ ਵੀ ਬਹੁਤ ਵਾਧਾ ਹੋਇਆ ਹੈ । ਸਮਾਨਤਾ ਤੇ ਨਿਰਪੱਖਤਾ ਤੋਂ ਬਿਨਾਂ ਲੋਕ ਸਿਹਤ ਸੰਭਾਲ, ਸਿੱਖਿਆ, ਨਿਰਪੱਖ ਕਾਰਜ ਜਾਂ ਪੁਲਿਸ ਸੁਰੱਖਿਆ ਵਰਗੀਆਂ ਸੇਵਾਵਾਂ ਦਾ ਢੁੱਕਵਾਂ ਲਾਭ ਲੈਣ ਦੇ ਅਸਮਰਥ ਹਨ ।

**ਫੈਕਟ ਸ਼ੀਟ #09: ਹਾਊਸਿੰਗ**

- ਗਰੀਬੀ ਅਤੇ ਬੇਰੁਜ਼ਗਾਰੀ, ਸਮਾਜਿਕ ਪ੍ਰੋਗਰਾਮਾਂ (social programs) ਵਿਚ ਕਟੌਤੀ, ਅਤੇ ਰਿਹਾਇਸ਼ੀ ਸੇਵਾਵਾਂ ਦੀ ਘਾਟ ਕਾਰਨ ਰੰਗਾਂ ਅਤੇ ਦੇਸੀ ਸਮੂਹਾਂ ਦੇ ਜ਼ਿਆਦਾਤਰ ਲੋਕ ਬੇਘਰ ਜਾਂ ਬਹੁਤ ਛੋਟੇ ਮਕਾਨਾਂ ਵਿੱਚ ਰਹਿੰਦੇ ਹਨ । ਉਹਨਾਂ ਨੂੰ ਮਕਾਨ ਮਾਲਕਾਂ ਦੇ ਪੱਖਪਾਤੀ ਰਵੱਈਏ ਅਤੇ ਬੇਲੋੜੀਆਂ ਮੰਗਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ । ਟੋਰਾਂਟੋ ਜਾਣ ਵਾਲੇ ਬਹੁਤੇ ਨਵੇਂ ਪ੍ਰਵਾਸੀ ਅਸੁਰੱਖਿਅਤ ਸਬ-ਸਟੈਂਡਰਡ ਹਾਊਸਿੰਗ (Sub-standard Housing) ਵਿਚ ਰਹਿੰਦੇ ਹਨ ।

**ਫੈਕਟ ਸ਼ੀਟ #10: ਵਾਟਰ ਅਤੇ ਫੂਡ ਸਕਿਊਰਿਟੀ**

- ਕਲਰ ਕੋਡ ਅਤੇ ਦੇਸੀ (Indigenous) ਸਮੂਹਾਂ ਦੇ ਜ਼ਿਆਦਾਤਰ ਲੋਕ ਗਰੀਬ ਹੋਣ ਕਰਕੇ ਆਪਣੇ ਪਰਿਵਾਰਾਂ ਨੂੰ ਲੋੜੀਂਦਾ ਅਤੇ ਸਿਹਤਮੰਦ ਭੋਜਨ ਮੁਹੱਈਆ ਕਰਨ ਦੇ ਯੋਗ ਨਹੀਂ ਹਨ। ਅਜਿਹੀ ਸਥਿਤੀ ਉਨ੍ਹਾਂ ਅਤੇ ਉਨ੍ਹਾਂ ਦੇ ਬੱਚਿਆਂ ਵਿੱਚ ਕਈ ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਦੇ ਜੋਖਮ ਨੂੰ ਵਧਾਉਂਦੀ ਹੈ । ਸਮਾਜਿਕ ਸਹਾਇਤਾ (social assistance) ਘੱਟੋ ਘੱਟ ਮਿਹਨਤਾਨੇ ਦੀ ਦਰ ਸਿਹਤਮੰਦ ਖੁਰਾਕ ਖਰੀਦਣ ਲਈ ਲੋੜੀਂਦੀ ਢੁੱਕਵੀਂ ਆਮਦਨੀ ਪ੍ਰਦਾਨ ਨਹੀਂ ਕਰਦੀ ।